UNITED SIKHS
*Recognize The Human Race as One*

# ICE ਨਾਲ ਸੰਬੰਧਿਤ ਆਪਣੇ ਅਧਿਕਾਰਾਂ ਬਾਰੇ ਜਾਣੋ।

ਜੇਕਰ ICE ਤੁਹਾਡੇ ਨਾਲ ਸੰਪਰਕ ਕਰਦੀ ਹੈ ਤਾਂ
ਤੁਹਾਡੇ ਕੋਲ ਇਮੀਗ੍ਰੇਸ਼ਨ ਅਤੇ ਕਸਟਮ ਲਾਗੂ ਕਰਾਉਣ ਲਈ ਪ੍ਰਤੀਨਿਧੀ ਨਾਲ ਸੰਪਰਕ ਕਰਨ ਦੇ ਅਧਿਕਾਰ ਹਨ।





## ਜੇਕਰ ICE ਦਾ ਅਧਿਕਾਰੀ ਮੇਰੇ ਘਰ ਪਹੁੰਚੇ ਤਾਂ ਮੈਂ ਕੀ ਕਰ ਸਕਦਾ ਹਾਂ?

- ਤੁਸੀਂ ICE ਲਈ ਦਰਵਾਜ਼ਾ ਨਹੀਂ ਖੋਲਣਾ ਅਤੇ ਨਾ ਹੀ ਤੁਸੀਂ ਉਹਨਾਂ ਨਾਲ ਗੱਲ ਕਰਨੀ ਹੈ।
- ਤੁਸੀਂ ਅੰਦਰੋਂ ਹੀ ਉਹਨਾਂ ਨੂੰ ਪੁੱਛ ਸਕਦੇ ਹੋ ਕਿ ਉਹ ਕੌਣ ਹਨ? ਉਹ ਆਪਣੇ ਬਾਰੇ ਖਿੜਕੀ ਜਾਂ ਮੋਰੀ ਰਾਹੀਂ ਆਪਣਾ ਬੈਜ,ਆਈ.ਡੀ ਜਾਂ ਬਿਜਨਸ ਕਾਰਡ ਦਿਖਾਉਣ ਜਾਂ ਇਸ ਨੂੰ ਦਰਵਾਜੇ ਦੇ ਹੇਠੋਂ ਦੀ ਦਿਖਾ ਸਕਦੇ ਹਨ।
- ਤੁਸੀਂ ਉਨਾਂ ਤੋਂ ਨਿਆਂਇਕ ਦਸਤਾਵੇਜ਼ (ਵਾਰੰਟ) ਬਾਰੇ ਪੁੱਛ ਸਕਦੇ ਹੋ।

**1**

ਜੇਕਰ ਉਹ ਕਿਸੇ ਗੱਲ ਨੂੰ ਨਹੀਂ ਮੰਨਦੇ ਤਾਂ ਤੁਸੀਂ ਉਹਨਾਂ ਨੂੰ ਅੰਦਰ ਆਉਣ ਤੋਂ ਮਨਾ ਕਰ ਸਕਦੇ ਹੋ ਅਤੇ ਕਹਿ ਸਕਦੇ ਹੋ ਕਿ ਅਸੀਂ ਤੁਹਾਡੇ ਨਾਲ ਗੱਲ ਨਹੀਂ ਕਰਨੀ।

**2**

ਜੇਕਰ ਉਹ ਦਸਤਾਵੇਜ਼ (ਵਾਰੰਟ)ਦਿਖਾਉਣ ਲਈ ਹਾਂ ਕਹਿੰਦੇ ਹਨ ਤਾਂ ਤੁਸੀਂ ਉਹਨਾਂ ਨੂੰ ਦਰਵਾਜ਼ੇ ਦੇ ਹੇਠੋਂ ਇਸ ਨੂੰ ਦਿਖਾਉਣ ਲਈ ਕਹਿ ਸਕਦੇ ਹੋ ਤਾਂ ਕਿ ਤੁਹਾਨੂੰ ਪਤਾ ਲੱਗ ਸਕੇ ਕਿ ਇਹਨਾਂ ਦਸਤਾਵੇਜ਼ ਉੱਪਰ ਕਿਸਨੇ ਦਸਤਖ਼ਤ ਕੀਤੇ ਹਨ।

**3**

ਇਹ ਨਿਆਂਇਕ ਵਾਰੰਟ ਅਦਾਲਤ ਵੱਲੋਂ ਦਿੱਤਾ ਗਿਆ ਇੱਕ ਦਸਤਾਵੇਜ਼ ਹੁੰਦਾ ਹੈ। ਜਿਸ ਉੱਪਰ ਇੱਕ ਜੱਜ ਦੁਆਰਾ ਦਸਤਖ਼ਤ ਕੀਤੇ ਜਾਂਦੇ ਹਨ। ਉਦਾਹਰਨ ਵਜੋਂ- ਜੱਜ ਦੇ ਦਸਤਖਤਾਂ ਦੇ ਸਾਹਮਣੇ "ਮਾਨਯੋਗ/ਮਾਨਯੋਗ", "ਜੱਜ", "ਜਸਟਿਸ" ਜਾਂ "ਮੈਜਿਸਟ੍ਰੇਟ" ਲਿਖਿਆ ਹੋ ਸਕਦਾ ਹੈ।

- ਕਿਸੇ ਐਮਰਜੈਂਸੀ ਹਾਲਾਤਾਂ ਵਿੱਚ, ਜਿਵੇਂ- ਜਨਤਕ ਸੁਰੱਖਿਆ ਲਈ ਖ਼ਤਰਾ ਜਾਂ ਕਿਸੇ ਦੀ ਜਾਨ ਨੂੰ ਖ਼ਤਰਾ ਹੋਵੇ ਤਾਂ ਵੀ ICE ਦਾ ਅਧਿਕਾਰੀ ਤੁਹਾਡੀ ਇਜਾਜ਼ਤ ਲਈ ਬਿਨਾਂ ਅੰਦਰ ਆ ਸਕਦਾ ਹੈ। ਜੇਕਰ ਇਸ ਤਰ੍ਹਾਂ ਦੀ ਸਥਿਤੀ ਨਾਲ ਸਾਹਮਣਾ ਹੁੰਦਾ ਹੈ ਤਾਂ ਵੀ ICE ਨਾਲ ਗੱਲ ਕਰਨ ਦੀ ਲੋੜ ਨਹੀਂ।
- ਜੇਕਰ lCE ਏਜੰਸੀ ਦੇ ਅਧਿਕਾਰੀ ਕਿਸੇ ਨੂੰ ਲੱਭ ਰਹੇ ਹਨ ਤਾਂ ਵੀ ਤੁਹਾਨੂੰ ਕੁੱਝ ਬੋਲਣ ਦੀ ਲੋੜ ਨਹੀਂ। ਜੇਕਰ ਤੁਸੀਂ ਕੁਝ ਦੱਸਣਾ ਚਾਹੁੰਦੇ ਹੋ ਤਾਂ ਤੁਸੀਂ ਉਹਨਾਂ ਨੂੰ ਆਪਣਾ ਸੰਪਰਕ ਨੰਬਰ ਦੇਣ ਲਈ ਕਹਿ ਸਕਦੇ ਹੋ ਪਰ ਤੁਹਾਨੂੰ ਉਸ ਵਿਅਕਤੀ ਬਾਰੇ ਦੱਸਣ ਦੀ ਲੋੜ ਨਹੀਂ। ਗਲਤ ਜਾਣਕਾਰੀ ਦੇਣ ਕਾਰਨ ਤੁਸੀਂ ਕਿਸੇ ਜ਼ੋਖਮ ਵਿੱਚ ਵੀ ਫਸ ਸਕਦੇ ਹੋ।

## ਜੇਕਰ ICE ਦੀ ਅਧਿਕਾਰੀ ਮੇਰੇ ਘਰ ਦੇ ਅੰਦਰ ਆ ਜਾਂਦੇ ਹਨ ਤਾਂ ਮੈਂ ਕੀ ਕਰ ਸਕਦਾ ਹਾਂ?

- ਜੇਕਰ ICE ਦਾ ਅਧਿਕਾਰੀ ਤੁਹਾਡੀ ਇਜਾਜ਼ਤ ਤੋਂ ਬਿਨਾਂ ਘਰ ਦੇ ਅੰਦਰ ਦਾਖ਼ਲ ਹੁੰਦਾ ਹੈ ਤਾਂ ਤੁਸੀਂ ਉਹਨੂੰ ਸਾਫ਼ ਤੌਰ 'ਤੇ ਕਹਿ ਸਕਦੇ ਹੋ ਕਿ, "ਮੇਰੇ ਘਰ ਵਿੱਚ ਤੁਹਾਨੂੰ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ, ਕਿਰਪਾ ਕਰਕੇ ਇੱਥੋਂ ਚਲੇ ਜਾਓ।" ਬੇਸ਼ੱਕ ਤੁਸੀਂ ਉਸ ਨੂੰ ਹਮੇਸ਼ਾ ਲਈ ਨਹੀਂ ਰੋਕ ਸਕਦੇ ਪਰ ਇਸ ਨਾਲ ਭਵਿੱਖ ਵਿੱਚ ਤੁਹਾਨੂੰ ਕਿਸੇ ਵੀ ਕਾਨੂੰਨੀ ਮਾਮਲੇ ਵਿੱਚ ਮਦਦ ਹੋ ਸਕਦੀ ਹੈ।
- ਜੇਕਰ ICE ਦੇ ਅਧਿਕਾਰੀ ਤੁਹਾਡੇ ਘਰ ਵਿੱਚ ਕਮਰਿਆਂ ਜਾਂ ਚੀਜ਼ਾਂ ਦੀ ਤਲਾਸ਼ੀ ਲੈਣਾ ਸ਼ੁਰੂ ਕਰਦੇ ਹਨ ਤਾਂ ਤੁਸੀਂ ਉਹਨਾਂ ਨੂੰ ਕਹਿ ਸਕਦੇ ਹੋ ਕਿ, "ਮੈਂ ਤੁਹਾਡੀ ਤਲਾਸ਼ੀ ਵਾਲੀ ਗੱਲ ਲਈ ਸਹਿਮਤ ਨਹੀਂ ਹਾਂ।" ਜੇਕਰ ਫਿਰ ਵੀ ਉਹ ਆਪਣਾ ਕੰਮ ਜਾਰੀ ਰੱਖਦੇ ਹਨ ਤਾਂ ਤੁਸੀਂ ਦੁਬਾਰਾ ਉਹਨਾਂ ਨੂੰ ਬੇਨਤੀ ਕਰ ਸਕਦੇ ਹੋ।
- ਤੁਸੀਂ ਉਹਨਾਂ ਨੂੰ ਕਹਿ ਸਕਦੇ ਹੋ ਕਿ ਤੁਹਾਡੇ ਘਰ ਵਿੱਚ ਬੱਚੇ ਜਾਂ ਕਮਜ਼ੋਰ ਦਿਲ ਵਾਲੇ ਲੋਕ ਵੀ ਹਨ।

## ਜੇਕਰ ICE ਦੇ ਅਧਿਕਾਰੀ ਮੈਨੂੰ ਸੜਕ 'ਤੇ ਜਾਂ ਹੋਰ ਜਨਤਕ ਤੌਰ 'ਤੇ ਰੋਕਦੇ ਹਨ ਤਾਂ ਮੈਂ ਕੀ ਕਰ ਸਕਦਾ ਹਾਂ?

- ਉਹਨਾਂ ਨੂੰ ਕੁੱਝ ਵੀ ਕਹਿਣ ਤੋਂ ਪਹਿਲਾਂ, ਤੁਸੀਂ ਪੁੱਛ ਸਕਦੇ ਹੋ, ਕੀ ਮੈਂ ਜਾ ਸਕਦਾ ਹਾਂ?

**1**

ਜੇਕਰ ਉਹ ਤੁਹਾਨੂੰ ਹਾਂ ਕਹਿੰਦੇ ਹਨ ਤਾਂ ਤੁਸੀਂ ਕਹਿ ਸਕਦੇ ਹੋ ਕਿ, "ਮੈਂ ਤੁਹਾਡੇ ਕਿਸੇ ਵੀ ਸਵਾਲਾਂ ਦੇ ਜਵਾਬ ਨਹੀਂ ਦੇਣਾ ਚਾਹੁੰਦਾ।"

**2**

ਜੇਕਰ ਉਹ ਤੁਹਾਨੂੰ ਨਾ ਕਹਿੰਦੇ ਹਨ ਤਾਂ ਤੁਸੀਂ ਕਹਿ ਸਕਦੇ ਹੋ, "ਮੈਂ ਚੁੱਪ ਰਹਿਣਾ ਚਾਹੁੰਦਾ ਹਾਂ।"

**3**

ਜੇਕਰ ICE ਦੇ ਅਧਿਕਾਰੀ ਤੁਹਾਡੀਆਂ ਜੇਬਾਂ ਜਾਂ ਹੋਰ ਸਮਾਨ ਦੀ ਤਲਾਸ਼ੀ ਲੈਣ ਦੀ ਕੋਸ਼ਿਸ਼ ਕਰਦੇ ਹਨ ਤਾਂ ਤੁਸੀਂ ਕਹਿ ਸਕਦੇ ਹੋ, "ਮੈਂ ਤੁਹਾਡੀ ਇਸ ਗੱਲ ਲਈ ਸਹਿਮਤ ਨਹੀਂ ਹਾਂ।" ਬੇਸ਼ੱਕ ਤੁਸੀਂ ਉਹਨਾਂ ਸਰੀਰਕ ਤੌਰ 'ਤੇ ਤਲਾਸ਼ੀ ਲੈਣ ਤੋਂ ਨਹੀਂ ਰੋਕ ਸਕਦੇ ਪਰ ਤੁਹਾਡਾ ਉਹਨਾਂ ਨੂੰ ਨਾਂਹ ਕਰਨਾ ਭਵਿੱਖ ਵਿੱਚ ਕਿਸੇ ਵੀ ਕਾਨੂੰਨੀ ਮਾਮਲੇ ਵਿੱਚ ਤੁਹਾਡੇ ਲਈ ਮਹੱਤਵਪੂਰਨ ਹੋ ਸਕਦਾ ਹੈ।

## ਜੇਕਰ ICE ਦੇ ਅਧਿਕਾਰੀ ਮੇਰੀ ਕੰਮ ਵਾਲੀ ਥਾਂ ਤੇ ਪਹੁੰਚਦੇ ਹਨ ਤਾਂ ਮੈਂ ਕੀ ਕਰ ਸਕਦਾ ਹਾਂ?

- ICE ਦਾ ਅਧਿਕਾਰੀ ਕਿਸੇ ਵੀ ਕੰਮ ਵਾਲੀ ਥਾਂ ਤੇ ਜਾਂ ਜਨਤਕ ਥਾਂ ਤੇ ਬਿਨਾਂ ਕਿਸੇ ਕਿਸਮ ਦੇ ਨਿਆਂਇਕ ਦਸਤਾਵੇਜ਼ ਤੋਂ ਦਖ਼ਲ ਹੋ ਸਕਦਾ ਹੈ।
- ਜਨਤਕ ਥਾਵਾਂ ਜਿਵੇਂ- ਦਫ਼ਤਰ ਦੀ ਲਾਬੀ, ਸੁਪਰ ਮਾਰਕੀਟ ,ਕਰਿਆਨਾ ਸਟੋਰ ਜਾਂ ਕਿਸੇ ਹੋਟਲ ਦਾ ਡਾਈਨਿੰਗ ਏਰੀਆ ਹੋ ਸਕਦਾ ਹੈ।
- ICE ਦਾ ਅਧਿਕਾਰੀ ਕਾਨੂੰਨੀ ਤੌਰ 'ਤੇ ਕਿਸੇ ਵੀ ਕੰਮ ਵਾਲੀ ਥਾਂ ਦੀ ਨਿੱਜੀ ਜਗ੍ਹਾ ਵਿੱਚ ਦਾਖ਼ਲ ਨਹੀਂ ਹੋ ਸਕਦੇ ਜਦੋਂ ਤੱਕ ਉਨਾਂ ਕੋਲ ਉਸ ਜਗ੍ਹਾ ਦੇ ਮਾਲਕ ਦੀ ਇਜਾਜ਼ਤ ਜਾਂ ਨਿਆਂਇਕ ਦਸਤਾਵੇਜ਼ ਨਾ ਹੋਣ।
- ਨਿੱਜੀ ਥਾਂ ਤੋਂ ਮਤਲਬ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਕੰਮ ਵਾਲੀ ਥਾਂ ਦਾ ਬਰੇਕ ਰੂਮ ਜਾਂ ਸਟੋਰੇਜ ਰੂਮ ਹੋ ਸਕਦਾ ਹੈ।
- ਜੇਕਰ ICE ਦੇ ਅਧਿਕਾਰੀ ਦੁਆਰਾ ਕੰਮ ਵਾਲੀ ਜਗ੍ਹਾ 'ਤੇ ਸੰਪਰਕ ਕੀਤਾ ਜਾਂਦਾ ਹੈ ਤਾਂ ਤੁਹਾਡਾ ਮਾਲਕ ICE ਦੇ ਅਧਿਕਾਰੀ ਨੂੰ ਆਪਣਾ ਪਛਾਣ ਪੱਤਰ ਦਿਖਾਉਣ ਅਤੇ ਨਿਆਂਇਕ ਦਸਤਾਵੇਜ਼ ਦਿਖਾਉਣ ਲਈ ਕਹਿ ਸਕਦਾ ਹੈ।
- ਜੇਕਰ ICE ਦੇ ਅਧਿਕਾਰੀ ਤੁਹਾਡੇ ਨਾਲ ਸੰਪਰਕ ਕਰਦੇ ਹਨ ਤਾਂ ਜਿਵੇਂ ਸਾਰੀਆਂ ਜਨਤਕ ਥਾਵਾਂ ਤੇ ਹੁੰਦਾ ਹੈ ਤੁਹਾਨੂੰ ਵੀ ਉਨਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ, ਤੁਸੀਂ ਉਹਨਾਂ ਨੂੰ ਆਪਣੇ ਮਾਲਕ ਕੋਲ ਭੇਜ ਸਕਦੇ ਹੋ।
- ਹਮੇਸ਼ਾ ਵਾਂਗ ,ਜੇਕਰ ICE ਦੇ ਅਧਿਕਾਰੀ ਤੁਹਾਡੀਆਂ ਜੇਬਾਂ ਜਾਂ ਹੋਰ ਸਮਾਨ ਦੀ ਤਲਾਸ਼ੀ ਲੈਣ ਦੀ ਕੋਸ਼ਿਸ਼ ਕਰਦੇ ਹਨ ਤਾਂ ਤੁਸੀਂ ਕਹਿ ਸਕਦੇ ਹੋ, "ਮੈਂ ਤੁਹਾਡੀ ਇਸ ਗੱਲ ਲਈ ਸਹਿਮਤ ਨਹੀਂ ਹਾਂ।" ਬੇਸ਼ੱਕ ਤੁਸੀਂ ਉਹਨਾਂ ਸਰੀਰਕ ਤੌਰ 'ਤੇ ਤਲਾਸ਼ੀ ਲੈਣ ਤੋਂ ਨਹੀਂ ਰੋਕ ਸਕਦੇ ਪਰ ਤੁਹਾਡਾ ਉਹਨਾਂ ਨੂੰ ਨਾਂਹ ਕਰਨਾ ਭਵਿੱਖ ਵਿੱਚ ਕਿਸੇ ਵੀ ਕਾਨੂੰਨੀ ਮਾਮਲੇ ਵਿੱਚ ਤੁਹਾਡੇ ਲਈ ਮਹੱਤਵਪੂਰਨ ਹੋ ਸਕਦਾ ਹੈ।

## ਜੇਕਰ ਮੈਨੂੰ ਹਿਰਾਸਤ 'ਚ ਲੈ ਲਿਆ ਜਾਂਦਾ ਹੈ ਤਾਂ ਮੈਂ ਕੀ ਕਰ ਸਕਦਾ ਹਾਂ?

- ਤਾਂ ਤੁਸੀਂ ICE ਦੇ ਅਧਿਕਾਰੀਆਂ ਨੂੰ ਦੱਸ ਸਕਦੇ ਹੋ ਕਿ ਤੁਹਾਨੂੰ ਕੋਈ ਡਾਕਟਰੀ ਸਮੱਸਿਆ ਹੈ ਜਾਂ ਫਿਰ ਕਹਿ ਸਕਦੇ ਹੋ ਕਿ ਤੁਹਾਨੂੰ ਬੱਚਿਆਂ ਦੀ ਦੇਖਭਾਲ ਦਾ ਪ੍ਰਬੰਧ ਕਰਨ ਦੀ ਲੋੜ ਹੈ।
- ਜੇਕਰ ICE ਦੇ ਅਧਿਕਾਰੀ ਤੁਹਾਡੀ ਮਾਤ ਭਾਸ਼ਾ ਨਹੀਂ ਬੋਲ ਸਕਦੇ ਤਾਂ ਤੁਸੀਂ ਉਹਨਾਂ ਨੂੰ ਕਿਸੇ ਵੀ ਗੱਲਬਾਤ ਲਈ, ਮੁਲਾਕਾਤ ਲਈ ਜਾਂ ਕਿਸੇ ਤਰ੍ਹਾਂ ਦੀ ਸੁਣਵਾਈ ਦੇ ਦੌਰਾਨ ਦੁਭਾਸ਼ੀਏ ਦੀ ਸਹੂਲਤ ਦੇਣ ਲਈ ਬੇਨਤੀ ਕਰ ਸਕਦੇ ਹੋ।
- ਤੁਹਾਨੂੰ ਕਿਸੇ ਵੀ ਦਸਤਾਵੇਜ਼ ਤੇ ਦਸਤਖ਼ਤ ਕਰਨ ਜਾਂ ਕਿਸੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਜਿੰਨੀ ਦੇਰ ਤੱਕ ਤੁਸੀਂ ਆਪਣੇ ਵਕੀਲ ਨਾਲ ਗੱਲ ਨਹੀਂ ਕਰ ਲੈਂਦੇ।
- ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਤੁਹਾਨੂੰ ਆਪਣੇ ਪਰਿਵਾਰ, ਦੋਸਤਾਂ, ਭਾਈਚਾਰਕ ਆਗੂਆਂ ਜਾਂ ਵਕੀਲ ਨਾਲ ਫੋਨ 'ਤੇ ਗੱਲ ਕਰਨ ਦਾ ਅਧਿਕਾਰ ਹੈ।
- ਨਜ਼ਰਬੰਦ ਹੋਣ ਤੋਂ ਬਾਅਦ, ਤੁਸੀਂ ਆਪਣੇ ਪਰਿਵਾਰ, ਦੋਸਤਾਂ, ਭਾਈਚਾਰਕ ਆਗੂਆਂ ਅਤੇ ਵਕੀਲ ਨਾਲ ਮੁਲਾਕਾਤ ਕਰ ਸਕਦੇ ਹੋ ਪਰ ਇਸ ਗੱਲ ਦਾ ਧਿਆਨ ਰੱਖਣਾ ਕਿ ਹਰੇਕ ਜੇਲ ਦੇ ਆਪਣੇ ਨਿਯਮ ਹੁੰਦੇ ਹਨ ।ਮੁਲਾਕਾਤ ਕਰਨ ਵਾਲਿਆਂ ਨੂੰ ਪਹਿਲਾਂ ਇਸ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਲੈ ਲੈਣੀ ਚਾਹੀਦੀ ਹੈ।
- ਜਦੋਂ ICE ਦੇ ਅਧਿਕਾਰੀਆਂ ਦੁਆਰਾ ਤੁਹਾਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਤੁਹਾਡੇ ਭਾਈਚਾਰੇ ਦੇ ਲੋਕ ਵੀਡੀਓ ਬਣਾ ਸਕਦੇ ਹਨ।
- ਜੇਕਰ ICE ਦੇ ਅਧਿਕਾਰੀ ਤੁਹਾਡੇ ਨਾਲ ਗੱਲ ਕਰ ਰਹੇ ਹਨ ਜਾਂ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਕਿਸੇ ਦੁਆਰਾ ਵੀ ਤੁਹਾਡੀ ਵੀਡੀਓ ਬਣਾਉਣਾ ਜਾਂ ਜਾਰੀ ਰੱਖਣਾ ਤੁਹਾਨੂੰ ਜ਼ੋਖਮ ਵਿੱਚ ਪਾ ਸਕਦਾ ਹੈ।
- ਜੇਕਰ ਤੁਹਾਡੇ ਕੋਲ ਆਪਣੀ ਜਾਂ ਤੁਹਾਡੀ ਗ੍ਰਿਫ਼ਤਾਰੀ ਨੂੰ ਦੇਖਣ ਵਾਲੇ ਕਿਸੇ ਵਿਅਕਤੀ ਵੱਲੋਂ ਗ੍ਰਿਫ਼ਤਾਰੀ ਬਾਰੇ ਕੋਈ ਆਡੀਓ, ਵੀਡੀਓ ਜਾਂ ਲਿਖਤੀ ਨੋਟ ਹੈ ਤਾਂ ਤੁਸੀਂ ਆਪਣੇ ਵਕੀਲ ਨਾਲ ਸਾਂਝਾ ਕਰ ਸਕਦੇ ਹੋ।

# At Risk? Make a Plan.

### EMERGENCY CONTACT

ਤੁਸੀਂ ਕੋਈ ਵੀ ਐਮਰਜੈਂਸੀ ਸੰਪਰਕ ਨੰਬਰ ਯਾਦ ਰੱਖ ਸਕਦੇ ਹੋ ਅਤੇ ਐਮਰਜੈਂਸੀ ਸਮੇਂ ਤੁਸੀਂ ਆਪਣੇ ਕਿਸੇ ਭਰੋਸੇਮੰਦ ਵਿਅਕਤੀ ਜਿਵੇਂ ਪਰਿਵਾਰਿਕ ਮੈਂਬਰ, ਦੋਸਤ, ਭਾਈਚਾਰਕ ਆਗੂ ਜਾਂ ਕਿਸੇ ਵਕੀਲ ਨਾਲ ਵੀ ਸੰਪਰਕ ਕਰ ਸਕਦੇ ਹੋ।

### SECURE DOCUMENTS

ਤੁਸੀਂ ਆਪਣੇ ਦਸਤਾਵੇਜ਼ਾਂ ਨੂੰ ਇਕੱਠਿਆਂ ਕਰਕੇ ਇੱਕ ਸੁਰੱਖਿਅਤ ਜਗ੍ਹਾ ਤੇ ਰੱਖ ਸਕਦੇ ਹੋ ਜਿੱਥੇ ਤੁਹਾਨੂੰ ਐਮਰਜੈਂਸੀ ਸਮੇਂ ਉਹ ਜਲਦੀ ਮਿਲ ਸਕਣ

### UMEED HELPLINE

ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਆਪਣੇ ਨੂੰ ਦੇਸ਼ ਨਿਕਾਲੇ ਦਾ ਖ਼ਤਰਾ ਹੈ ਤਾਂ ਤੁਸੀਂ ਕਿਸੇ ਪ੍ਰਕਾਰ ਦੀ ਸਹਾਇਤਾ ਲੈਣ ਬਾਰੇ ਸੋਚ ਰਹੇ ਹੋ ਤਾਂ ਤੁਸੀਂ ਮੁਫਤ ਅਤੇ ਗੁਪਤ ਇਮੀਗ੍ਰੇਸ਼ਨ ਕਾਨੂੰਨੀ ਸਲਾਹ ਲੈਣ ਲਈ ਉਮੀਦ ਸਹਾਇਤਾ ਸੇਵਾਵਾਂ +1-855-US-UMEED (+1-855-878-6333) 'ਤੇ ਸੰਪਰਕ ਕਰ ਸਕਦੇ ਹੋ।

### LEARN MORE

ਜਿਆਦਾ ਜਾਣਕਾਰੀ ਲਈ ਤੁਸੀਂ ਇੱਥੇ ਸੰਪਰਕ ਕਰ ਸਕਦੇ ਹੋ:
ichra.unitedsikhs.org

